Imperial College Healthcare
NHS Trust

ਕੈਂਸਰ ਸੇਵਾਵਾਂ

# ਅਸੀਂ ਤੁਹਾਡੇ ਸਮਰਥਨ ਲਈ ਇੱਥੇ ਕਿਵੇਂ ਹਾਂ

## ਮਰੀਜ਼ਾਂ, ਰਿਸ਼ਤੇਦਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

Punjabi version

## ਜਾਣ-ਪਛਾਣ

ਇਹ ਪਰਚਾ ਤੁਹਾਨੂੰ ਇੰਪੀਰੀਅਲ ਕਾਲਜ ਹੈਲਥਕੇਅਰ NHS ਟਰੱਸਟ (ICHT) ਵਿਖੇ ਤੁਹਾਡੇ ਲਈ ਉਪਲਬਧ ਸਹਾਇਤਾ ਅਤੇ ਤੁਹਾਡੇ ਲਈ ਮਹੱਤਵਪੂਰਨ ਸਹਾਇਤਾ ਬਾਰੇ ਸੂਚਿਤ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਦੱਸਦਾ ਹੈ ਕਿ ਤੁਸੀਂ ਸਾਡੀ ਸਹਾਇਤਾ ਅਤੇ ਸਲਾਹ ਤੱਕ ਕਿਵੇਂ ਪਹੁੰਚ ਕਰ ਸਕਦੇ ਹੋ, ਅਤੇ ਸਾਡੀਆਂ ਵੱਖ-ਵੱਖ ਟੀਮਾਂ ਮਿਲ ਕੇ ਕਿਵੇਂ ਕੰਮ ਕਰਦੀਆਂ ਹਨ।

ਕਿਰਪਾ ਕਰਕੇ ਯਾਦ ਰੱਖੋ ਕਿ ਸਾਡੀਆਂ ਟੀਮਾਂ ICHT ਵਿੱਚ, ਤੁਹਾਡੀ ਪੂਰੀ ਦੇਖਭਾਲ ਅਤੇ ਇਲਾਜ ਦੌਰਾਨ ਤੁਹਾਡੇ ਲਈ ਇੱਥੇ ਹਨ- ਨਾ ਕਿ ਸਿਰਫ਼ ਸ਼ੁਰੂਆਤ ਵਿੱਚ। ਅਜਿਹਾ ਕੋਈ ਸਵਾਲ ਨਹੀਂ ਹੈ ਜੋ ਬਹੁਤ ਵੱਡਾ ਜਾਂ ਛੋਟਾ ਹੋਵੇ।

# ਸਾਡੇ ਹਸਪਤਾਲਾਂ ਤੋਂ ਸਹਾਇਤਾ

## ਮੈਕਮਿਲਨ ਨੈਵੀਗੇਟਰ ਸੇਵਾ

ਮੈਕਮਿਲਨ ਨੈਵੀਗੇਟਰ ਸੇਵਾ ICHT ਦੇ ਕੈਂਸਰ ਦੇ ਮਰੀਜ਼ਾਂ, ਅਤੇ ਉਨ੍ਹਾਂ ਦੇ ਪਰਿਵਾਰ, ਦੋਸਤਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਇੱਕ ਟੈਲੀਫੋਨ-ਆਧਾਰਿਤ ਸੇਵਾ ਹੈ। ਨੈਵੀਗੇਟਰ ਤੁਹਾਡੇ ਕਿਸੇ ਵੀ ਤਰਾਂਹ ਦੇ ਪ੍ਰਸ਼ਨਾਂ ਲਈ ਸੰਪਰਕ ਦਾ ਪਹਿਲਾ ਅਤੇ ਇਕੱਲਾ ਬਿੰਦੂ ਹਨ।

ਸਾਡੀ ਨੈਵੀਗੇਟਰ ਟੀਮ ਇਹ ਕਰ ਸਕਦੀ ਹੈ:

- ਤੁਹਾਨੂੰ ਤੁਹਾਡੀਆਂ ਮੁਲਾਕਾਤਾਂ ਬਾਰੇ ਜਾਣਕਾਰੀ ਪ੍ਰਦਾਨ ਕਰੇਗੀ
- ਤੁਹਾਨੂੰ ਸਹੀ ਦਿਸ਼ਾ ਵੱਲ ਇਸ਼ਾਰਾ ਕਰੇਗੀ, ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਤੁਹਾਨੂੰ ਕਿਸ ਨਾਲ ਗੱਲ ਕਰਨੀ ਹੈ
- ਸਾਡੀ ਮੈਕਮਿਲਨ ਸਹਾਇਤਾ ਸੇਵਾ, ਅਤੇ ਹੋਰ ਸਥਾਨਕ ਚੈਰਿਟੀਆਂ ਅਤੇ ਸੰਸਥਾਵਾਂ ਦੁਆਰਾ ਸੰਚਾਲਿਤ ਆਉਣ ਵਾਲੇ ਮਰੀਜ਼ਾਂ ਦੇ ਸਮੂਹਾਂ ਅਤੇ ਸਮਾਗਮਾਂ ਬਾਰੇ ਤੁਹਾਨੂੰ ਸਲਾਹ ਪ੍ਰਦਾਨ ਕਰੇਗੀ
- ਤੁਹਾਨੂੰ ਸਲਾਹ ਪ੍ਰਦਾਨ ਕਰੇਗੀ ਕਿ ਤੁਸੀਂ ਸਲਾਹ, ਮਦਦ ਅਤੇ ਸਹਾਇਤਾ ਤਕ ਕਿਵੇਂ ਪਹੁੰਚ ਕਰ ਸਕਦੇ ਹੋ
- ਜੇਕਰ ਤੁਹਾਡੇ ਕੋਲ ਆਪਣੇ ਕੈਂਸਰ ਜਾਂ ਦੇਖਭਾਲ ਬਾਰੇ ਕੋਈ ਕਲੀਨਿਕਲ ਸਵਾਲ ਹੈ ਤਾਂ ਤੁਹਾਨੂੰ ਆਪਣੇ ਕਲੀਨਿਕਲ ਨਰਸ ਸਪੈਸ਼ਲਿਸਟ (CNS) ਤੋਂ ਕਾਲ-ਬੈਕ ਲਈ ਬੁੱਕ ਕਰੇਗੀ।

ਜੇਕਰ ਤੁਸੀਂ ਸਾਡੇ ਨਾਲ ਕਿਸੇ ਹੋਰ ਭਾਸ਼ਾ ਵਿੱਚ ਗੱਲ ਕਰਨਾ ਪਸੰਦ ਕਰਦੇ ਹੋ, ਤਾਂ ਕਿਰਪਾ ਕਰਕੇ ਜਦੋਂ ਤੁਸੀਂ ਕਾਲ ਕਰੋ ਤਾਂ ਨੈਵੀਗੇਟਰਾਂ ਤੋਂ ਦੁਭਾਸ਼ੀਏ ਦੀ ਮੰਗ ਕਰੋ।

ਮੈਕਮਿਲਨ ਨੈਵੀਗੇਟਰ ਸੇਵਾ ਸੋਮਵਾਰ ਤੋਂ ਸ਼ੁੱਕਰਵਾਰ 08.30 ਤੋਂ 16.30 ਤੱਕ ਖੁੱਲ੍ਹੀ ਰਹਿੰਦੀ ਹੈ (ਬੈਂਕ ਦੀਆਂ ਛੁੱਟੀਆਂ ਨੂੰ ਛੱਡ ਕੇ)। ਇਹ ਸੇਵਾ ਵੀਰਵਾਰ ਨੂੰ 14.00-14.45 ਦੇ ਵਿਚਕਾਰ ਸਿਖਲਾਈ ਲਈ ਬੰਦ ਹੈ।

**ਜੇਕਰ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ ਜਾਂ ਤੁਸੀਂ ਸੰਕਟ ਵਿੱਚ ਹੋ ਤਾਂ ਕਿਰਪਾ ਕਰਕੇ ਨੈਵੀਗੇਟਰ ਸੇਵਾ ਨੂੰ ਕਾਲ ਨਾ ਕਰੋ - ਇਸ ਦੀ ਬਜਾਏ ਤੁਰੰਤ ਸਲਾਹ ਲਈ 111 ਜਾਂ 999 'ਤੇ ਕਾਲ ਕਰੋ।**

**ਮੈਕਮਿਲਨ ਨੈਵੀਗੇਟਰ ਸੇਵਾ: 020 3313 0303**

## ਕਲੀਨਿਕਲ ਨਰਸ ਸਪੈਸ਼ਲਿਸਟ (CNS)

ਤੁਹਾਡੇ CNS ਨੂੰ ਕਈ ਵਾਰ ਤੁਹਾਡੀ ਮਾਹਰ ਨਰਸ, ਕੀ-ਵਰਕਰ ਜਾਂ ਮੈਕਮਿਲਨ ਨਰਸ ਕਿਹਾ ਜਾਂਦਾ ਹੈ। ਉਹ ਵਿਆਪਕ ਬਹੁ-ਅਨੁਸ਼ਾਸਨੀ ਟੀਮ (multidisciplinary team) (MDT) ਦੇ ਹਿੱਸੇ ਵਜੋਂ ਸਲਾਹਕਾਰਾਂ, ਔਨਕੋਲੋਜਿਸਟਸ, ਸਰਜਨਾਂ ਅਤੇ ਕੈਂਸਰ ਸਹਾਇਤਾ ਕਰਮਚਾਰੀਆਂ ਨਾਲ ਮਿਲ ਕੇ ਕੰਮ ਕਰਦੇ ਹਨ। ਹੋ ਸਕਦਾ ਹੈ ਕਿ ਤੁਸੀਂ ਆਪਣੇ CNS ਨੂੰ ਤਦ ਮਿਲੇ ਹੋਵੋ ਜਦੋਂ ਤੁਹਾਨੂੰ ਦੱਸਿਆ ਗਿਆ ਸੀ ਕਿ ਤੁਹਾਨੂੰ ਕੈਂਸਰ ਹੈ, ਜਾਂ ਤੁਸੀਂ ਉਹਨਾਂ ਨੂੰ ਆਪਣੀ ਪਹਿਲੀ ਕਲੀਨਿਕ ਮੁਲਾਕਾਤ ਵਿੱਚ ਮਿਲ ਸਕਦੇ ਹੋ।

ਤੁਹਾਡਾ CNS ਤੁਹਾਡੇ ਕਿਸੇ ਵੀ ਕਲੀਨਿਕਲ ਸਵਾਲਾਂ ਦੇ ਜਵਾਬ ਦੇਣ ਲਈ, ਅਤੇ ਤੁਹਾਡੀ ਦੇਖਭਾਲ ਦੌਰਾਨ ਤੁਹਾਡੀ ਮਦਦ ਕਰਨ ਲਈ ਇੱਥੇ ਹੈ। ਉਹ ਤੁਹਾਡੇ ਕੈਂਸਰ ਦੀ ਜਾਂਚ ਅਤੇ ਇਲਾਜ ਦੇ ਉਹਨਾਂ ਵਿਕਲਪਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਜੋ ਤੁਹਾਡੇ ਲਈ ਉਪਲਬਧ ਹਨ। ਜੇਕਰ ਤੁਹਾਡੇ ਕੋਲ ਕਲੀਨਿਕ ਮੁਲਾਕਾਤਾਂ ਦੇ ਵਿਚਕਾਰ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਤੁਹਾਡੇ CNS ਨਾਲ ਗੱਲ ਕਰਨਾ ਮਦਦਗਾਰ ਹੋ ਸਕਦਾ ਹੈ।

ਤੁਹਾਡਾ CNS ਤੁਹਾਨੂੰ ਵਿਹਾਰਕ ਸਲਾਹ ਵੀ ਪ੍ਰਦਾਨ ਕਰ ਸਕਦਾ ਹੈ- ਜਿਵੇਂ ਕਿ ਤੁਸੀਂ ਕੈਂਸਰ ਦੇ ਮਰੀਜ਼ ਵਜੋਂ ਮੁਫਤ ਨੁਸਖ਼ਿਆਂ ਤੱਕ ਕਿਵੇਂ ਪਹੁੰਚ ਸਕਦੇ ਹੋ- ਅਤੇ ਉਪਲਬਧ ਭਾਵਨਾਤਮਕ ਸਹਾਇਤਾ ਬਾਰੇ ਵੀ ਸਲਾਹ ਦੇ ਸਕਦਾ ਹੈ। ਜੇਕਰ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੀ ਮਾਨਸਿਕ ਸਿਹਤ ਤੁਹਾਡੇ ਕੈਂਸਰ ਨਾਲ ਪ੍ਰਭਾਵਿਤ ਹੋਈ ਹੈ, ਤਾਂ ਤੁਹਾਡਾ CNS ਸੇਵਾਵਾਂ ਜੋ ਸਹਾਇਤਾ ਕਰ ਸਕਦੀਆਂ ਹਨ ਬਾਰੇ ਸੁਝਾਅ ਦੇਣ ਦੇ ਯੋਗ ਹੋਵੇਗਾ। ਉਹ ਸਹਾਇਤਾ ਸਮੂਹਾਂ, ਐਪਾਂ ਜਾਂ ਵਨ-ਟੂ-ਵਨ ਸੁਣਨ ਦੀਆਂ ਸੇਵਾਵਾਂ ਦਾ ਸੁਝਾਅ ਦੇ ਸਕਦੇ ਹਨ, ਜਾਂ ਸਾਡੀ ਸਾਈਕੋ-ਆਨਕੋਲੋਜੀ ਟੀਮ ਵਰਗੀ ਕਿਸੇ ਮਾਹਰ ਟੀਮ ਨੂੰ ਰੈਫਰਲ ਕਰਨ ਬਾਰੇ ਸਲਾਹ ਦੇ ਸਕਦੇ ਹਨ।

ਤੁਸੀਂ ਮੈਕਮਿਲਨ ਨੈਵੀਗੇਟਰ ਸੇਵਾ ਨੂੰ ਕਾਲ ਕਰਕੇ ਆਪਣੇ CNS ਨਾਲ ਸੰਪਰਕ ਕਰ ਸਕਦੇ ਹੋ। ਨੈਵੀਗੇਟਰ ਤੁਹਾਡੇ ਸਵਾਲਾਂ ਨੂੰ ਨੋਟ ਕਰਨਗੇ, ਅਤੇ ਤੁਹਾਨੂੰ ਤੁਹਾਡੇ CNS ਨਾਲ ਇੱਕ ਕਾਲ ਲਈ ਬੁੱਕ ਕਰਨਗੇ, ਇਹ ਯਕੀਨੀ ਬਣਾਉਣ ਲਈ ਕਿ ਉਹਨਾਂ ਕੋਲ ਤੁਹਾਡੇ ਨਾਲ ਗੱਲ ਕਰਨ ਲਈ ਇੱਕ ਸਮਰਪਿਤ ਸਮਾਂ ਹੈ। ਜ਼ਿਆਦਾਤਰ ਕਾਲ-ਬੈਕ ਉਸੇ ਹਫ਼ਤੇ ਦੇ ਅੰਦਰ ਸੰਭਵ ਹਨ।

ਤੁਹਾਡਾ CNS, CNSs ਦੀ ਇੱਕ ਟੀਮ ਦੇ ਹਿੱਸੇ ਵਜੋਂ ਕੰਮ ਕਰਦਾ ਹੈ, ਇਸਲਈ ਤੁਸੀਂ ਸਾਡੀ ਦੇਖਭਾਲ ਦੇ ਅਧੀਨ ਇੱਕ ਤੋਂ ਵੱਧ CNS ਨਾਲ ਗੱਲ ਕਰ ਸਕਦੇ ਹੋ। ਜੇਕਰ ਤੁਸੀਂ

ਯਕੀਨੀ ਨਹੀਂ ਹੋ ਕਿ ਤੁਹਾਡਾ CNS ਕੌਣ ਹੈ, ਤਾਂ ਨੈਵੀਗੇਟਰ ਸੇਵਾ ਇਹ ਪਤਾ ਲਗਾਉਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ।

## ਹੋਲਿਸਟਿਕ ਨੀਡ ਅਸੈਸਮੈਂਟ (HNA)

ਇੱਕ HNA ਤੁਹਾਡੇ ਅਤੇ ਇੱਕ CNS ਜਾਂ ਕੈਂਸਰ ਸਹਾਇਤਾ ਕਰਮਚਾਰੀ ਵਿਚਕਾਰ ਇੱਕ ਚਰਚਾ ਹੈ, ਜਿਸ ਵਿੱਚ ਅਸੀਂ ਇੱਕ ਵਿਅਕਤੀਗਤ ਤੌਰ 'ਤੇ ਤੁਹਾਡੇ ਬਾਰੇ ਸੁਣਦੇ ਹਾਂ। ਇਹ ਤੁਹਾਡੇ ਲਈ ਸਾਨੂੰ ਦੱਸਣ ਦਾ ਇੱਕ ਹੋਰ ਮੌਕਾ ਹੈ ਕਿ ਤੁਹਾਨੂੰ ਕਿਸ ਸਹਾਇਤਾ ਦੀ ਲੋੜ ਹੈ।

HNA ਸਿਰਫ਼ ਕੈਂਸਰ ਦੇ ਸਰੀਰਕ ਲੱਛਣਾਂ ਜਾਂ ਇਲਾਜ ਦੇ ਮਾੜੇ ਪ੍ਰਭਾਵਾਂ ਬਾਰੇ ਹੀ ਨਹੀਂ ਹੈ, ਸਗੋਂ ਤੁਹਾਡੀਆਂ ਕਿਸੇ ਵੀ ਲੋੜਾਂ ਜਾਂ ਚਿੰਤਾਵਾਂ ਬਾਰੇ ਹੈ। ਉਦਾਹਰਨ ਲਈ, ਤੁਹਾਨੂੰ ਤੁਹਾਡੇ ਵਿੱਤ ਬਾਰੇ ਚਿੰਤਾ ਹੋ ਸਕਦੀ ਹੈ, ਤੁਹਾਡੇ ਸਰੀਰ ਬਾਰੇ ਵੱਖਰਾ ਮਹਿਸੂਸ ਹੋ ਸਕਦਾ ਹੈ, ਜਾਂ ਤੁਹਾਡੇ ਕੈਂਸਰ ਕਾਰਨ ਤੁਹਾਡੇ ਵਿਸ਼ਵਾਸ ਬਾਰੇ ਸਵਾਲ ਹੋ ਸਕਦੇ ਹਨ। ਇੱਕ HNA, ਤੁਹਾਡੇ ਲਈ ਕੀ ਮਹੱਤਵਪੂਰਨ ਹੈ ਇਸ ਬਾਰੇ ਚਰਚਾ ਕਰਨ ਦਾ ਇੱਕ ਮੌਕਾ ਹੈ ਅਤੇ ਇਹ ਯਕੀਨੀ ਬਣਾਉਣ ਵਿੱਚ ਸਾਡੀ ਮਦਦ ਕਰਦਾ ਹੈ ਕਿ ਅਸੀਂ ਸਭ ਤੋਂ ਵਧੀਆ ਤਰੀਕੇ ਨਾਲ ਤੁਹਾਡੀ ਮਦਦ ਕਿਵੇਂ ਕਰ ਸਕਦੇ ਹਾਂ।

ਤੁਹਾਨੂੰ ਆਮ ਤੌਰ 'ਤੇ ਤੁਹਾਡੇ ਤਸ਼ਖ਼ੀਸ ਦੇ ਸਮੇਂ ਦੇ ਆਲੇ-ਦੁਆਲੇ HNA ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਅਤੇ ਫਿਰ ਜਦੋਂ ਤੁਸੀਂ ਇਲਾਜ ਸ਼ੁਰੂ ਜਾਂ ਪੂਰਾ ਕਰਦੇ ਹੋ।ਇੱਕ ਵਾਧੂ HNA ਦੀ ਮੰਗ ਕਰਨ ਲਈ ਤੁਹਾਡਾ ਸੁਆਗਤ ਹੈ ਅਤੇ ਨੈਵੀਗੇਟਰ ਸੇਵਾ ਰਾਹੀਂ ਇਸਦੀ ਬੇਨਤੀ ਕਰ ਸਕਦੇ ਹੋ।

# ਸਾਈਕੋ-ਆਨਕੋਲੋਜੀ ਟੀਮ

ਸਾਈਕੋ-ਆਨਕੋਲੋਜੀ ਟੀਮ ਕੈਂਸਰ ਤੋਂ ਪ੍ਰਭਾਵਿਤ ਲੋਕਾਂ ਦੇ ਨਾਲ-ਨਾਲ ਉਨ੍ਹਾਂ ਦੇ ਸਾਥੀਆਂ, ਪਰਿਵਾਰਾਂ ਜਾਂ ਦੇਖਭਾਲ ਕਰਨ ਵਾਲਿਆਂ ਲਈ ਇੱਕ ਮਾਹਰ ਮਨੋਵਿਗਿਆਨਕ ਦੇਖਭਾਲ ਸੇਵਾ ਦੀ ਪੇਸ਼ਕਸ਼ ਕਰਦੀ ਹੈ। ਟੀਮ ਕਲੀਨਿਕਲ ਮਨੋਵਿਗਿਆਨੀ ਅਤੇ ਸਲਾਹਕਾਰਾਂ ਦੀ ਬਣੀ ਹੋਈ ਹੈ, ਜੋ ਮਾਨਸਿਕ ਸਿਹਤ ਸਹਾਇਤਾ ਅਤੇ ਇਲਾਜ ਸੰਬੰਧੀ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ।

ਟੀਮ, ਕੈਂਸਰ ਨਾਲ ਸਬੰਧਤ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਲੋਕਾਂ ਨਾਲ ਕੰਮ ਕਰਦੀ ਹੈ ਜਿਵੇਂ ਕਿ:

- ਚਿੰਤਾ, ਘਬਰਾਹਟ ਜਾਂ ਬੇਚੈਨੀ ਜਿਸਦਾ ਪ੍ਰਬੰਧਨ ਕਰਨਾ ਮੁਸ਼ਕਲ ਹੈ
- ਬਹੁਤ ਸਮਾਂ ਖ਼ਰਾਬ ਜਾਂ ਉਦਾਸ ਮਹਿਸੂਸ ਕਰਨਾ
- ਕੈਂਸਰ ਦੇ ਇਲਾਜਾਂ ਬਾਰੇ ਫੈਸਲੇ ਲੈਣ, ਜਾਂ ਉਹਨਾਂ ਦਾ ਮੁਕਾਬਲਾ ਕਰਨ ਵਿੱਚ ਮੁਸ਼ਕਲਾਂ
- ਰਿਸ਼ਤੇ ਦੀਆਂ ਮੁਸ਼ਕਲਾਂ ਜਿਵੇਂ ਕਿ ਕਿਸੇ ਸਾਥੀ ਨਾਲ, ਪਰਿਵਾਰ ਵਿੱਚ, ਜਾਂ ਹਸਪਤਾਲ ਦੇ ਸਟਾਫ਼ ਨਾਲ
- ਸਰੀਰਕ ਰੂਪ ਜਾਂ ਜਿਨਸੀ ਮੁਸ਼ਕਲਾਂ

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਸਾਈਕੋ-ਆਨਕੋਲੋਜੀ ਨਾਲ ਕੰਮ ਕਰਨ ਨਾਲ ਫਾਇਦਾ ਹੋਵੇਗਾ, ਤਾਂ ਕਿਰਪਾ ਕਰਕੇ ਆਪਣੇ CNS ਨਾਲ ਗੱਲ ਕਰੋ ਜੋ ਤੁਹਾਨੂੰ ਇਸ ਸੇਵਾ ਲਈ ਭੇਜ ਸਕਦਾ ਹੈ ਜੇਕਰ ਉਚਿਤ ਹੋਵੇ।

# ਮੈਕਮਿਲਨ ਕੈਂਸਰ ਜਾਣਕਾਰੀ ਸਹਾਇਤਾ ਸੇਵਾ

ਸਾਡੇ ਟਰੱਸਟ 'ਤੇ ਮੈਕਮਿਲਨ ਕੈਂਸਰ ਜਾਣਕਾਰੀ ਸਹਾਇਤਾ ਸੇਵਾ ਕੈਂਸਰ ਤੋਂ ਪ੍ਰਭਾਵਿਤ ਕਿਸੇ ਵੀ ਵਿਅਕਤੀ ਨੂੰ ਭਾਵਨਾਤਮਕ, ਵਿਹਾਰਕ ਅਤੇ ਵਿੱਤੀ ਸਹਾਇਤਾ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ।

ਟੀਮ ਤੁਹਾਨੂੰ ਸੁਣਨ ਅਤੇ ਤੁਹਾਡਾ ਸਮਰਥਨ ਕਰਨ ਲਈ ਇੱਥੇ ਹੈ, ਭਾਵੇਂ ਤੁਹਾਡਾ ਕੋਈ ਖਾਸ ਸਵਾਲ ਹੈ, ਜਾਂ ਤੁਸੀਂ ਇਸ ਬਾਰੇ ਅਨਿਸ਼ਚਿਤ ਹੋ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ। ਟੀਮ ਤੁਹਾਨੂੰ ਜਾਣਨ ਲਈ ਸਮਾਂ ਲਵੇਗੀ ਤਾਂ ਜੋ ਇਹ ਪਤਾ ਕੀਤਾ ਜਾ ਸਕੇ ਕਿ ਤੁਹਾਡੇ ਲਈ ਅਸਲ ਵਿੱਚ ਕੀ ਮਾਇਨੇ ਰੱਖਦਾ ਹੈ ਅਤੇ ਤੁਹਾਨੂੰ ਸਹੀ ਕੈਂਸਰ ਸਹਾਇਤਾ ਪ੍ਰਦਾਨ ਕਰੇਗੀ।

ਤੁਸੀਂ ਸਾਡੇ ਦੋ ਕੇਂਦਰਾਂ ਵਿੱਚੋਂ ਕਿਸੇ ਇੱਕ ਵਿੱਚ ਆਹਮੋ-ਸਾਹਮਣੇ ਸਹਾਇਤਾ ਪ੍ਰਾਪਤ ਕਰ ਸਕਦੇ ਹੋ, ਜਾਂ ਫ਼ੋਨ ਜਾਂ ਈਮੇਲ ਰਾਹੀਂ ਟੀਮ ਨਾਲ ਗੱਲ ਕਰ ਸਕਦੇ ਹੋ। ਤੁਹਾਨੂੰ ਕਿਸੇ ਮੁਲਾਕਾਤ ਦੀ ਲੋੜ ਨਹੀਂ ਹੈ ਅਤੇ ਜਿੰਨੀ ਵਾਰ ਤੁਹਾਨੂੰ ਲੋੜ ਹੈ ਟੀਮ ਨਾਲ ਗੱਲ ਕਰਨ ਲਈ ਤੁਹਾਡਾ ਸੁਆਗਤ ਹੈ - ਭਾਵੇਂ ਇਹ ਇੱਕ ਵਾਰੀ ਗੱਲਬਾਤ ਹੋਵੇ ਜਾਂ ਚੱਲ ਰਹੀ ਗੱਲਬਾਤ।

ਇਹ ਸੇਵਾ ਹਫ਼ਤਾਵਾਰੀ ਔਨਲਾਈਨ ਮਰੀਜ਼ਾਂ ਦੇ ਸਮੂਹਾਂ ਦੀ ਇੱਕ ਰੇਂਜ ਵੀ ਚਲਾਉਂਦੀ ਹੈ, ਜੋ ਇੱਕ ਅਰਾਮਦੇਹ ਮਾਹੌਲ ਵਿੱਚ ਕੈਂਸਰ ਬਾਰੇ ਦੂਜੇ ਮਰੀਜ਼ਾਂ ਨਾਲ ਗੱਲ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਹਰ ਹਫ਼ਤੇ ਸ਼ਾਮਲ ਹੋਣ ਲਈ ਕੋਈ ਵਚਨਬੱਧਤਾ ਨਹੀਂ ਹੈ - ਤੁਸੀਂ ਆਪਣੀ ਸਮਾਂ-ਸੂਚੀ ਦੇ ਅਨੁਸਾਰ ਆ ਅਤੇ ਜਾ ਸਕਦੇ ਹੋ।

ਮੈਕਮਿਲਨ ਬੈਨੀਫਿਟ ਐਡਵਾਈਜ਼ਰ ਤੁਹਾਨੂੰ ਵਾਧੂ ਵਿੱਤੀ ਸਹਾਇਤਾ ਅਤੇ ਗ੍ਰਾਂਟਾਂ ਬਾਰੇ ਵੀ ਸਲਾਹ ਦੇ ਸਕਦਾ ਹੈ ਜੋ ਉਪਲਬਧ ਹੋ ਸਕਦੀਆਂ ਹਨ।

ਇਹ ਸੇਵਾ ਬੈਂਕ ਛੁੱਟੀਆਂ ਨੂੰ ਛੱਡ ਕੇ ਸੋਮਵਾਰ-ਵੀਰਵਾਰ ਨੂੰ ਖੁੱਲੀ ਰਹਿੰਦੀ ਹੈ।

ਸਾਡੇ ਕੇਂਦਰ ਇੱਥੇ ਸਥਿਤ ਹਨ:

-ਚੈਰਿੰਗ ਕਰਾਸ ਹਸਪਤਾਲ, ਮੇਨ ਲਿਫਟਸ ਦੇ ਕੋਲ

-ਹੈਮਰਸਮਿਥ ਹਸਪਤਾਲ, ਗੈਰੀ ਵੈਸਟਨ ਸੈਂਟਰ ਵਿੱਚ

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਨੂੰ **020 3313 5170** 'ਤੇ ਕਾਲ ਕਰੋ ਅਤੇ ਇੱਕ ਸੁਨੇਹਾ ਜਾਂ ਈਮੇਲ ਭੇਜੋ
**imperial.macmillansupportservice@nhs.net**

# ਹੋਰ ਉਪਯੋਗੀ ਸਹਾਇਤਾ

## ਮੈਗੀਜ਼ (Maggie's) ਵੈਸਟ ਲੰਡਨ

ਮੈਗੀਜ਼ (Maggie's) ਇੱਕ ਕੈਂਸਰ ਚੈਰਿਟੀ ਹੈ ਜੋ ਕੈਂਸਰ ਪੀੜਤ ਲੋਕਾਂ ਅਤੇ ਉਹਨਾਂ ਦੇ ਪਰਿਵਾਰ ਅਤੇ ਦੋਸਤਾਂ ਨੂੰ ਭਾਵਨਾਤਮਕ, ਵਿਹਾਰਕ ਅਤੇ ਸਮਾਜਿਕ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਕੇਂਦਰ ਸੁੰਦਰ ਆਰਕੀਟੈਕਚਰ, ਸ਼ਾਂਤ ਸਥਾਨਾਂ, ਸਹਾਇਕ ਸਟਾਫ ਦੀ ਇੱਕ ਪੇਸ਼ੇਵਰ ਟੀਮ ਅਤੇ ਲੋਕਾਂ ਦੇ ਭਾਈਚਾਰੇ ਨਾਲ ਗੱਲ ਕਰਨ ਅਤੇ ਅਨੁਭਵ ਸਾਂਝੇ ਕਰਨ ਦੀ ਯੋਗਤਾ ਨੂੰ ਜੋੜਦਾ ਹੈ ਜੋ ਸਮਾਨ ਅਨੁਭਵਾਂ ਵਿੱਚੋਂ ਲੰਘੇ ਹਨ। ਮੈਗੀਜ਼ (Maggie's) ਦੇ ਕੇਂਦਰ ਰੋਸ਼ਨੀ ਨਾਲ ਭਰੇ ਨਿੱਘੇ, ਦੋਸਤਾਨਾ ਅਤੇ ਗੈਰ ਰਸਮੀ ਸਥਾਨ ਹਨ ਅਤੇ ਇਮਾਰਤ ਦੇ ਕੇਂਦਰ ਵਿੱਚ ਇੱਕ ਵੱਡੀ ਰਸੋਈ ਦੇ ਮੇਜ਼ ਦੇ ਨਾਲ ਖੁੱਲੀ ਜਗ੍ਹਾ ਹੈ।

ਮੈਗੀਜ਼ (Maggie's) ਵੈਸਟ ਲੰਡਨ ਚੈਰਿੰਗ ਕਰਾਸ ਹਸਪਤਾਲ ਦੇ ਮੈਦਾਨ ਵਿੱਚ ਸਥਿਤ ਹੈ ਪਰ ਸਾਡੇ ਹਸਪਤਾਲ ਤੋਂ ਸੁਤੰਤਰ ਹੈ। ਕੇਂਦਰ ਸੋਮਵਾਰ ਤੋਂ ਸ਼ੁੱਕਰਵਾਰ, 09.00-17.00 ਤੱਕ ਖੁੱਲ੍ਹਾ ਰਹਿੰਦਾ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ **020 7386 1750** 'ਤੇ ਕਾਲ ਕਰੋ।

## ਮੈਂ ਆਪਣੀ ਫੇਰੀ ਬਾਰੇ ਟਿੱਪਣੀ ਕਿਵੇਂ ਕਰਾਂ?

ਜੇਕਰ ਤੁਹਾਡੇ ਕੋਲ ਆਪਣੀ ਫੇਰੀ ਬਾਰੇ ਕੋਈ ਸੁਝਾਅ ਜਾਂ ਟਿੱਪਣੀਆਂ ਹਨ, ਤਾਂ ਕਿਰਪਾ ਕਰਕੇ ਸਟਾਫ ਦੇ ਕਿਸੇ ਮੈਂਬਰ ਨਾਲ ਗੱਲ ਕਰੋ ਜਾਂ ਮਰੀਜ਼ ਦੀ ਸਲਾਹ ਅਤੇ ਸੰਪਰਕ ਸੇਵਾ (PALS) ਨਾਲ ਸੰਪਰਕ ਕਰੋ)020 3312 ੭੭੭੭ 'ਤੇ (10.00 – 16.00, ਸੋਮਵਾਰ ਤੋਂ ਸ਼ੁੱਕਰਵਾਰ)। ਤੁਸੀਂ PALS ਨੂੰ imperial.pals@nhs.net 'ਤੇ ਈਮੇਲ ਵੀ ਕਰ ਸਕਦੇ ਹੋ।
PALS ਟੀਮ ਤੁਹਾਡੀਆਂ ਚਿੰਤਾਵਾਂ, ਸੁਝਾਵਾਂ ਜਾਂ ਸਵਾਲਾਂ ਨੂੰ ਸੁਣੇਗੀ ਅਤੇ ਅਕਸਰ ਤੁਹਾਡੀ ਤਰਫੋਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਨ ਦੇ ਯੋਗ ਹੁੰਦੀ ਹੈ। ਵਿਕਲਪਕ ਤੌਰ 'ਤੇ, ਤੁਸੀਂ ਸਾਡੇ ਸ਼ਿਕਾਇਤ ਵਿਭਾਗ ਨਾਲ ਸੰਪਰਕ ਕਰਕੇ ਸ਼ਿਕਾਇਤ ਕਰਨਾ ਚਾਹ ਸਕਦੇ ਹੋ:

ਸ਼ਿਕਾਇਤ ਵਿਭਾਗ, fourth floor, Salton House, St Mary's Hospital,
Praed Street
London W2 1NY
ਈ - ਮੇਲ: ICHC-tr.Complaints@nhs.net

ਟੈਲੀਫੋਨ:: **020 3312 1337 / 1349**

## ਵਿਕਲਪਿਕ ਫਾਰਮੈਟ

ਇਹ ਲੀਫਲੈਟ ਬੇਨਤੀ ਕਰਨ 'ਤੇ ਵੱਡੇ ਪ੍ਰਿੰਟ ਜਾਂ ਆਸਾਨੀ ਨਾਲ ਪੜ੍ਹੇ ਜਾਣ ਜਾਣ ਵਾਲੇ, ਧੁਨੀ ਰਿਕਾਰਡਿੰਗ ਦੇ ਤੌਰ 'ਤੇ, ਬ੍ਰੇਲ ਜਾਂ ਵਿਕਲਪਕ ਭਾਸ਼ਾਵਾਂ ਵਿੱਚ ਪ੍ਰਦਾਨ ਕੀਤਾ ਜਾ ਸਕਦਾ ਹੈ। ਕਿਰਪਾ ਕਰਕੇ ਸੰਚਾਰ ਟੀਮ ਨੂੰ ਈਮੇਲ ਕਰੋ:
imperial.communications@nhs.net

## ਵਾਈ-ਫਾਈ

ਸਾਡੇ ਟਰੱਸਟ 'ਤੇ ਵਾਈ-ਫਾਈ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ: www.imperial.nhs.uk

ਕੈਂਸਰ ਸੇਵਾਵਾਂ
ਪ੍ਰਕਾਸ਼ਿਤ: ਜੁਲਾਈ 2023
ਸਮੀਖਿਆ ਮਿਤੀ: ਜੁਲਾਈ 2026
ਹਵਾਲਾ ਨੰਬਰ: 5158
©ਇੰਪੀਰੀਅਲ ਕਾਲਜ ਹੈਲਥਕੇਅਰ NHS ਟਰੱਸਟ